HOME ACCESS
NEXT GENERATION LEARNING

***ਪਿਆਰੇ ਮਾਤਾ ਪਿਤਾ ਜੀ/ ਦੇਖ ਭਾਲ ਕਰਨ ਵਾਲਿਆ ਦੇ ਧਿਆਨ ਵਾਸਤੇ***

***ਹੋਮ ਐਕਸੈਸ ਨਾਂ ਦੀ ਗਰਾਂਟ ਅਪਲਾਈ ਕਰਨ ਦਾ ਸੱਦਾ***

*ਹੋਮ ਐਕਸੈਸ ਨਾਂ ਦੀ ਗਰਾਂਟ ਦਾ ਪਰੋਗਰਾਮ ਗੋਰਮਿੰਟ ਵਲੋਂ ਚਲਾਇਆ ਗਿਆ ਹੈ ਜੋ ਕਿ ਘੱਟ ਆਮਦਨੀ ਵਾਲੇ ਪਰਵਾਰਾਂ ਦੀ ਮਦਦ ਕਰਨ ਵਾਸਤੇ ਹੈ ਤੁਸੀਂ ਇਸ ਰਾਂਹੀ ਘਰ ਸਿੱਖਣ ਵਾਸਤੇ ਇਕ ਕੰਮਪਿਊਟਰ ਅਤੇ ਇੰਟਰਨੈਂਟ ਦੀ ਸੇਵਾ ਮੁਫਤ ਵਿੱਚ ਲੈ ਸਕਦੇ ਹੋ। ਇਹ ਪਰੋਗਰਾਮ ਇੰਗਲੈਂਡ ਵਿੱਚ ਰਹਿਣ ਵਾਲੇ ਨਿਵਾਸੀਆ ਵਾਸਤੇ ਹੈ।*

*ਇਹ ਹੋਮ ਐਕਸੈਸ ਗਰਾਂਟ ਲੈਣ ਵਾਸਤੇ, ਤੁਹਾਨੂੰ ਇਕ ਮਾਂ ਪਿਉ ਜਾਂ ਕਿਸੇ ਬੱਚੇ ਦੀ ਦੇਖਭਾਲ ਕਰਨ ਵਾਲੇ ਹੋਣਾ ਜ਼ਰੂਰੀ ਹੈ ਅਤੇ ਇੱਕ ਬੱਚਾ ਜੋ ਤੁਹਾਡੇ ਨਾਲ ਰਹਿੰਦਾ ਹੋਵੇ ਉਹ ਦੀਆਂ ਹੇਠ ਦਿਤੀਆਂ ਸ਼ਰਤਾਂ ਪੂਰੀਆ ਕਰਦਾ ਹੋਣਾ ਚਾਹੀਦਾ ਹੈ:*

*- ਉਹ ਸਕੂਲ ਵਿੱਚ ਯੀਅਰ 3-9 ਵਿੱਚ ਪੜਦਾ ਹੋਣਾ ਚਾਹੀਦਾ ਹੈ (ਆਮ ਕਰਕੇ ਉਸ ਬਚੇ ਦੀ ਉਮਰ 7-14 ਸਾਲ ਦੇ ਵਿੱਚ ਹੋਵੇਗੀ)*
*- ਉਸ ਨੇ ਪਹਿਲਾ ਕਦੇ ਵੀ ਕੰਮਪਿਊਟਰ ਫਾਰ ਪਿਊਪਲਜ਼ ਜਾਂ ਹੋਮ ਐਕਸੈਸ ਪਰੋਗਰਾਮ ਕੋਲੋ ਕਦੇ ਗਰਾਂਟ ਨਾ ਲਈ ਹੋਵੇ।*
*- ਉਸ ਨੂੰ ਸਕੂਲ ਦਾ ਖਾਣਾ ਮੁਫਤ ਮਿਲ ਰਿਹਾ ਹੋਵੇ, ਅਤੇ*
*- ਉਸ ਬੱਚੇ ਦਾ ਨਾਂ ਤੁਹਾਡੇ ਚਾਈਡ ਬੈਨੀਫਿਟ ਅਵਾਰਡ (ਭੱਤੇ) ਦੇ ਖਤ ਤੇ ਲਿਖਿਆ ਹੋਵੇ।*

*ਹੋ ਸਕਦਾ ਹੈ ਕਿ ਤੁਸੀਂ ਇਸ ਦੇ ਹੱਕਦਾਰ ਨਾ ਹੋਵੋ ਜੇਕਰ ਤੁਹਾਨੂੰ ਵਰਕਿੰਗ ਟੈਕਸ ਕਰੈਡਿਟ ਮਿਲਦੇ ਹੋਣ।*

*ਗਰਾਂਟ ਦੀ ਅਰਜ਼ੀ ਦਾ ਪੈਕ ਲੈਣ ਵਾਸਤੇ ਤੁਹਾਨੂੰ* ***ਹੋਮ ਐਕਸੈਸ ਗਰਾਂਟ ਹੈਲਪਲਾਈਨ: 0333 200 1004 ਤੇ ਹੇਠ ਦਿਤੇ ਸਮਿਆਂ ਦੇ ਦੌਰਾਨ ਟੈਲੀਫੋਨ ਕਰਨਾ ਹੋਵੇਗਾ।*** *(ਸੋਮਵਾਰ ਤੋਂ ਸ਼ੁਕਵਾਰ 8 ਵਜੇ ਸਵੇਰੇ ਤੋਂ ਲੈ ਕੇ 8 ਵਜੇ ਸ਼ਾਂਮ ਤਕ, ਸਨਿਚਰਵਾਰ 9 ਵਜੇ ਸਵੇਰੇ ਤੋਂ ਲੈ ਕੇ 1 ਵਜੇ ਦੁਪਹਿਰ ਤਕ)*

*ਤੁਹਾਨੂੰ ਇਸ ਦੇ ਹੱਕਦਾਰ ਹੋਣ ਬਾਰੇ ਮੁਢਲੀ ਜਾਣਕਾਰੀ ਟੈਲੀਫੋਨ ਤੇ ਪੁਛੀ ਜਾਵੇਗੀ। ਜੇਕਰ ਤੁਸੀਂ ਇਸ ਵਿੱਚ ਸਫਲ ਹੋਏ ਤਾਂ ਤੁਹਾਨੂੰ ਅਰਜ਼ੀ ਦਾ ਦਥਾ ਭੇਜ ਦਿੱਤਾ ਜਾਵੇਗਾ। ਇਸ ਵਿੱਚ ਤੁਹਾਨੂੰ ਅਰਜ਼ੀ ਭਰਨ ਬਾਰੇ ਸਾਰਾ ਕੁਝ ਦਸਿਆ ਹੋਵੇਗਾ। ਇਸ ਵਿੱਚ ਵਾਪਸ ਅਰਜ਼ੀ ਭੇਜਣ ਵਾਸਤੇ ਮੁਫਤ ਡਾਕ ਦਾ ਲਿਫਾਫਾ ਵੀ ਦਿੱਤਾ ਹੋਵੇਗਾ।*

*ਜੇਕਰ ਤੁਹਾਡੀ ਅਰਜ਼ੀ ਕਾਮਯਾਬ ਹੁੰਦੀ ਹੈ, ਤਾਂ ਇਸ ਗਰਾਂਟ ਨਾਲ ਤੁਸੀਂ ਹੇਠ ਲਿਖੇ ਬੰਡਲਾਂ ਵਿਚੋਂ ਇੱਕ ਬੰਡਲ ਲੈ ਸਕਦੇ ਹੋ:*
*1. ਪੂਰਾ ਬੰਡਲ (ਮੁਫਤ -ਇੱਕ ਕੰਮਪਿਊਟਰ, ਇਕ ਸਾਲ ਇੰਟਰਨੈੱਟ, ਉਸ ਦੀ ਸਰਵਿਸ ਅਤੇ ਮਦਦ)*
*2. ਇਕ ਮੁਫਤ ਕੰਮਪਿਊਟਰ ਅਤੇ ਉਸ ਦੀ ਸਰਵਿਸ (ਜੇਕਰ ਖਰਾਬ ਹੋ ਜਾਵੇ ਤਾਂ ਠੀਕ ਕਰਨ ਦੀ ਮਦਦ)*
*3. ਸਿਰਫ ਇਕ ਸਾਲ ਮੁਫਤ ਇੰਟਰਨੈਂਟ*

*ਇਹ ਇੱਕ ਬਹੁਤ ਵਧੀਆ ਮੋਕਾ ਹੈ ਅਤੇ ਅਸੀਂ ਇਹ ਆਸ ਕਰਦੇ ਹਾਂ ਕਿ ਤੁਹਾਡੀ ਅਰਜ਼ੀ ਕਾਮਯਾਬ ਜ਼ਰੂਰ ਹੋਵੇ।*

*ਤੁਹਾਡੇ ਬੱਚੇ ਦਾ ਸਕੂਲ ਹੋ ਸਕਦਾ ਹੈ ਕਿ ਇਕ ਦੋਭਾਸ਼ੀਏ ਨੂੰ ਨਾਲ ਰੱਖ ਕੇ ਇਸ ਬਾਰੇ ਤੁਹਾਨੂੰ ਜਾਣਕਾਰੀ ਦੇ ਕੁਝ ਸੈਸ਼ਨ ਦੇਵੇ। ਜੇਕਰ ਤੁਸੀਂ ਉਨਾਂ ਸੈਸ਼ਨਾਂ ਵਿੱਚ ਜਾਣਾ ਚਾਹੁੰਦੇ ਹੋ ਤਾਂ ਆਪਣੇ ਸਕੂਲ ਨੂੰ ਇਸ ਬਾਰੇ ਪੁਛੋ।*

***ਤੁਹਾਡੇ ਹਿਤੂ***

Delivered by

Becta leading next generation learning